ਦਫਤਰ: ਉਪ ਮੰਡਲ ਇੰਜੀਨੀਅਰ ਉਸਾਰੀ ਉਪ ਮੰਡਲ ਨੰ:2 ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਹੁਸ਼ਿਆਰਪੁਰ ।

ਸੇਵਾ ਵਿਖੇ

Principal
Cambridge International School
Dasuya (Hoshiarpur).

ਨੰ: 470 ਮਿਤੀ 06/03/23

ਵਿਸ਼ਾ:- **ਇਸ਼ੂ ਆਫ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2023-24**

ਉਪਰੋਕਤ ਸਕੂਲ ਦੀ ਇਮਾਰਤ ਦਾ ਨਿਰੀਖਣ ਇਸ ਦਫਤਰ ਦੇ ਅਧਿਕਾਰੀ ਵੱਲੋਂ ਕੀਤਾ ਗਿਆ ਅਤੇ ਸਟਰੱਕਚਰਲ ਇੰਜੀਨੀਅਰ ਦੀ ਰਿਪੋਰਟ ਨਾਲ ਨੱਥੀ ਮੁਤਾਬਿਕ ਇਹ ਪਾਇਆ ਗਿਆ ਹੈ ਕਿ ਇਹ ਬਿਲਡਿੰਗ (ਸਟਰੱਕਚਰਲ ਤੌਰ ਤੇ) ਸੁਰੱਖਿਅਤ ਹੈ। ਇਸ ਲਈ ਇਸ ਸਕੂਲ ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਸਾਲ 2023-24 ਵਾਸਤੇ ਹੇਠ ਲਿੱਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1. ਬਿਲਡਿੰਗ ਦੀਆਂ ਛੱਤਾਂ ਉਤੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ ।
2. ਜੇਕਰ ਬਿਲਡਿੰਗ ਦੇ ਕਿਸੇ ਹਿੱਸੇ ਕਿਸੇ ਕਿਸਮ ਦੀ ਤਰੇੜ ਬਗੈਰਾ ਆ ਜਾਂਦੀ ਹੈ ਤਾਂ ਉਸ ਜਗ੍ਹਾਂ ਨੂੰ ਤੁਰੰਤ ਖਾਲੀ ਕੀਤਾ ਜਾਵੇ ਅਤੇ ਉਸ ਦੀ ਰਿਪੇਅਰ ਤੁਰੰਤ ਹੀ ਕਰਵਾਈ ਜਾਵੇ ।
3. ਨਾਲ ਨੱਥੀ ਨਕਸ਼ੇ ਤੋਂ ਇਲਾਵਾ ਜੇਕਰ ਆਪ ਵੱਲੋਂ ਕੋਈ ਵਾਧੂ ਉਸਾਰੀ ਕਰਨੀ ਹੋਵੇ ਤਾਂ ਉਸਦੀ ਮੰਜੂਰੀ ਮਹਿਕਮੇਂ ਪਾਸੋਂ ਲਈ ਜਾਵੇ ।
4. ਸਕੂਲ ਵੱਲੋਂ ਬਣਦੀ ਫੀਸ ਜੀ.ਆਰ ਨੰਬਰ 292499/73 ਮਿਤੀ 06-03-2023 ਰਾਹੀਂ ਰੁਪਏ 20,000/-ਜਮ੍ਹਾਂ ਕਰਵਾ ਦਿੱਤੀ ਗਈ ਹੈ।
5. ਸਰਕਾਰ ਦੀਆਂ ਹਦਾਇਤਾਂ/ਕੋਰਟ ਦੀਆਂ ਹਦਾਇਤਾ ਮੁਤਾਬਿਕ ਜੇਕਰ ਕੋਈ ਵੀ ਅਸੈਸ ਫੀਸ ਜਮ੍ਹਾਂ ਕਰਵਾਉਣੀ ਪੈਂਦੀ ਹੈ ਤਾਂ ਉਹ ਫੀਸ ਤੁਹਾਡਾ ਸਕੂਲ ਜਮ੍ਹਾਂ ਕਰਾਉਣ ਦਾ ਪਾਬੰਦ ਹੋਵੇਗਾ।

ਨੱਥੀ / ਨਿੱਲ

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ:2 ਲੋ:ਨਿ:ਵਿ:(ਭ ਤੇ ਮ) ਸ਼ਾਖਾ
ਹੁਸ਼ਿਆਰਪੁਰ ।

ਪਿੱਠ ਅੰਕਣ ਨੰ: ਮਿਤੀ

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ ਉਸਾਰੀ ਮੰਡਲ ਨੰ:1 ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ ਹੁਸ਼ਿਆਰਪੁਰ ਜੀ ਨੂੰ ਆਪ ਜੀ ਦੇ ਦਫਤਰ ਦੇ ਪਿੱਠ ਅੰਕਣ ਨੰ: 1147 ਮਿਤੀ 03-03-2023 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਨੱਥੀ/

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ:2 ਲੋ:ਨਿ:ਵਿ:(ਭ ਤੇ ਮ) ਸ਼ਾਖਾ
ਹੁਸ਼ਿਆਰਪੁਰ ।